**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**
**ਫੈਕਸ:0172-2624687** ਈ-ਮੇਲssapunjab@yahoo.com

---

## ਯਾਦ ਪੱਤਰ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ(ਟੀ.ਟੀ)/ਐਸ.ਐਸ.ਏ/2010/ **027131-27148**
**ਮਿਤੀ ਚੰਡੀਗੜ੍ਹ : 26.02.10**

**ਵਿਸ਼ਾ:- ਟੀ.ਐਲ.ਐਮ.ਗਰਾਂਟ ਨੂੰ ਖਰਚਣ ਸਬੰਧੀ।**

**ਹਵਾਲਾ:- ੳ) ਪੱਤਰ ਨੰ. 13/12-2009/ਐਸ.ਐਸ.ਏ/ਐਮ.ਆਈ.ਐਸ/42616-42635 ਮਿਤੀ ਚੰਡੀਗੜ੍ਹ 25.5.09 , ਅ) ਪੱਤਰ ਨੰ:002017 -002036 ਮਿਤੀ:19.01.10**
**ੲ) ਪੱਤਰ ਨੰ:24013-24053, ਮਿਤੀ: 05.02.10**

**1.0** ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

**2.0** ਆਪ ਜੀ ਨੂੰ ਪਤਾ ਹੀ ਹੈ ਕਿ ਪ੍ਰਾਇਮਰੀ ਅਤੇ ਮਿਡਲ ਜਮਾਤਾਂ ਤੱਕ ਪੜ੍ਹਾਉਣ ਵਾਲੇ ਅਧਿਆਪਕ ਨੂੰ ਹਰੇਕ ਸਾਲ ਟੀ.ਐਲ.ਐਮ. ਦੀ ਗਰਾਂਟ ਜਾਰੀ ਕੀਤੀ ਜਾਂਦੀ ਹੈ। ਪਰ ਦੇਖਣ ਵਿੱਚ ਅਕਸਰ ਇਹ ਆਇਆ ਹੈ ਕਿ ਅਧਿਆਪਕ ਸਮੇਂ ਸਿਰ ਇਹ ਗਰਾਂਟ ਖਰਚ ਨਹੀਂ ਕਰਦੇ। ਜਿਸ ਕਰਕੇ ਗਰਾਂਟ ਅਣਵਰਤੀਂ ਹੀ ਪਈ ਰਹਿੰਦੀ ਹੈ। ਜੋ ਕਿ ਸਰਵ ਸਿੱਖਿਆ ਅਭਿਆਨ ਦੇ ਵਿੱਤੀ ਨਿਯਮਾਂ ਦੀ ਸਰਾਸਰ ਉਲੰਘਣਾ ਹੈ। ਦੂਸਰਾ, ਬੱਚਿਆਂ ਨੂੰ ਵੀ ਇਸ ਦਾ ਕੋਈ ਫਾਇਦਾ ਨਹੀਂ ਹੁੰਦਾ। ਜਦ ਕਿ ਸਮੇਂ ਸਿਰ ਟੀ.ਐਲ.ਐਮ. ਗਰਾਂਟ ਨੂੰ ਖਰਚਣਾ ਅਧਿਆਪਕ ਦੀ ਜ਼ਿੰਮੇਵਾਰੀ ਹੈ।

**3.0** ਪ੍ਰਾਇਮਰੀ ਅਧਿਆਪਕਾਂ ਨੂੰ ਮਿਤੀ 7 ਜਨਵਰੀ ਤੋਂ 8 ਜਨਵਰੀ 2010 ਤੱਕ ਟੀ.ਐਲ.ਐਮ. ਦੀ ਵਰਤੋਂ ਸਬੰਧੀ ਦੋ ਰੋਜ਼ਾ ਵਰਕਸ਼ਾਪ ਲਗਾ ਕੇ ਇਸ ਦੀ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਮਿਤੀ 12 ਜਨਵਰੀ ਤੋਂ 14 ਜਨਵਰੀ 2010 ਤੱਕ ਪ੍ਰਾਇਮਰੀ ਸਕੂਲਾਂ ਅੰਦਰ ਹੋਈਆਂ ਛੁੱਟੀਆਂ ਅੰਦਰ ਸੀ.ਐਮ.ਟੀ. ਰਾਹੀਂ ਟੀ.ਐਲ.ਐਮ. ਦੀ ਤਿਆਰੀ ਸਬੰਧੀ ਅਧਿਆਪਕਾਂ ਨੂੰ ਕਿਹਾ ਵੀ ਗਿਆ ਸੀ ਅਤੇ ਅਧਿਆਪਕ ਦੁਆਰਾ ਟੀ.ਐਲ.ਐਮ.ਤਿਆਰ ਵੀ ਕੀਤੀ ਗਈ ਹੈ।

**4.0** ਆਪ ਦੇ ਜ਼ਿਲ੍ਹੇ ਦੇ ਪ੍ਰਾਇਮਰੀ ਅਤੇ ਮਿਡਲ ਜਮਾਤਾਂ ਤੱਕ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਜਾਰੀ ਕੀਤੀ ਗਈ ਟੀ.ਐਲ.ਐਮ.ਦੀ ਰਾਸ਼ੀ ਜਲਦ ਤੋਂ ਜਲਦ ਖਰਚ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ। ਆਪ ਜੀ ਵਲੋਂ ਭੇਜੀ ਗਈ ਰਿਪੋਰਟ ਅਨੁਸਾਰ ਹੁਣ ਤੱਕ ਇਸ ਰਾਸ਼ੀ ਦਾ ਪ੍ਰਤੀਸ਼ਤ ਹੀ ਖਰਚ ਹੋਇਆ ਹੈ।ਜਿਸ ਨੂੰ ਮੁੱਖ ਦਫ਼ਤਰ ਵਲੋਂ ਗੰਭੀਰਤਾ ਨਾਲ ਲਿਆ ਗਿਆ ਹੈ।

**5.0** ਹਫ਼ਤਾਵਾਰੀ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਹੋਣ ਵਾਲੀਆਂ ਮੀਟਿੰਗਾਂ ਵਿੱਚ ਖਰਚੀ ਗਈ ਰਾਸ਼ੀ ਦਾ ਰਿਵਿਊ ਜ਼ਰੂਰ ਕੀਤਾ ਜਾਵੇ।

**6.0** ਅੱਪਰ-ਪ੍ਰਾਇਮਰੀ ਲਈ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਅਤੇ ਪ੍ਰਾਇਮਰੀ ਪੱਧਰ ਤੇ ਬੀ.ਐਮ.ਟੀ./ਸੀ.ਐਮ.ਟੀ ਅਤੇ ਜ਼ਿਲ੍ਹਾ ਕੋਆਰਡੀਨੇਟਰ ਟੀ.ਐਲ.ਐਮ. ਦੀ ਰਾਸ਼ੀ ਸਮੇਂ ਸਿਰ ਖਰਚਣ ਲਈ ਇਸ ਦੀ ਮੁਨੀਟਰਿੰਗ ਕਰਨ।

**7.0** ਹੁਕਮਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿੱਠਅੰਕਣ ਨੰ. ਉਕਤ/027149-27170** **ਮਿਤੀ: 26.2.10**

ਉਤਾਰਾ (1) ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਅੰਮ੍ਰਿਤਸਰ
(2) ਸਰਕਲ ਸਿੱਖਿਆ ਅਫ਼ਸਰ, ਜਲੰਧਰ
(3) ਸਮੂਹ ਬੀ.ਪੀ.ਈ.ਓ. ਅੰਮ੍ਰਿਤਸਰ **(ਵੈਬ ਸਾਇਟ ਰਾਹੀ)**
(4) ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ, ਅੰਮ੍ਰਿਤਸਰ (**(ਵੈਬ ਸਾਇਟ ਰਾਹੀ)**
(5) ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਅੰਮ੍ਰਿਤਸਰ **(ਵੈਬ ਸਾਇਟ ਰਾਹੀ)**
(6) ਡੀ.ਐਮ(ਐਮ.ਆਈ.ਐਸ) ਵੈੱਬ ਸਾਇਟ ਤੇ ਪਾਉਣ ਲਈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**